SED-EDU405/95/2024-2EDU4

I/929531/2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

ਹੁਕਮ

ਸਰਕਾਰ ਵੱਲੋਂ ਪੱਤਰ ਨੰ: SED-EDU401/74/2024-2EDU4/108 ਮਿਤੀ 30-08-2024 ਰਾਹੀਂ ਜਾਰੀ ਕੀਤੇ ਹੁਕਮਾਂ ਦੇ ਲੜੀ ਨੰ: 35 ਅਤੇ 36 ਤੇ ਹੇਠ ਦਰਸਾਏ ਗਏ ਅਧਿਕਾਰੀਆਂ ਦੀਆਂ ਬਦਲੀਆਂ/ਤੈਨਾਤੀਆਂ ਕੀਤੀਆਂ ਗਈਆਂ ਸਨ:-

| ਲੜੀ ਨੰ: | ਅਧਿਕਾਰੀ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ ਅਤੇ ਅਹੁਦਾ | ਮੌਜੂਦਾ ਸਟੇਸ਼ਨ | ਨਵੀਂ ਤੈਨਾਤੀ | ਵਿਸ਼ੇਸ਼ ਕਥਨ |
|---|---|---|---|---|
| 1. | ਇਕਬਾਲ ਕੌਰ, ਪ੍ਰਿੰਸੀਪਲ | ਸਸਸਸ ਖੁੱਡਾ, ਹੁਸ਼ਿਆਰਪੁਰ | ਸਸਸਸ ਅੰਬਾਲਾ ਜੱਟਾਂ, ਹੁਸ਼ਿਆਰਪੁਰ | ਲੜੀ ਨੰ: 36 ਦੀ ਥਾਂ ਤੇ |
| 2. | ਸੁਖਵਿੰਦਰ ਕੌਰ, ਪ੍ਰਿੰਸੀਪਲ | ਸਸਸਸ ਅੰਬਾਲਾ ਜੱਟਾਂ, ਹੁਸ਼ਿਆਰਪੁਰ | ਸਸਸਸ ਖੁੱਡਾ, ਹੁਸ਼ਿਆਰਪੁਰ | ਲੜੀ ਨੰ: 35 ਦੀ ਥਾਂ ਤੇ |

2. ਇਹਨਾਂ ਹੁਕਮਾਂ ਵਿਰੁੱਧ ਸ਼੍ਰੀਮਤੀ ਇਕਬਾਲ ਕੌਰ, ਪ੍ਰਿੰਸੀਪਲ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 22065 ਆਫ 2024 ਦਾਇਰ ਕੀਤੀ ਗਈ। ਜਿਸ ਵਿੱਚ ਮਾਨਯੋਗ ਅਦਾਲਤ ਵੱਲੋਂ ਮਿਤੀ 04.09.2024 ਰਾਹੀਂ ਸ਼੍ਰੀਮਤੀ ਇਕਬਾਲ ਕੌਰ ਦੀ ਬਦਲੀ ਦੇ ਹੁਕਮ ਸਟੇਅ ਕਰ ਦਿੱਤੇ ਗਏ ਸਨ ਅਤੇ ਪਟੀਸ਼ਨਰ ਦੀ ਪ੍ਰਤੀਬੇਨਤੀ ਨੂੰ ਵਿਚਾਰਨ ਦੇ ਆਦੇਸ਼ ਦਿੱਤੇ ਸਨ। ਮਾਨਯੋਗ ਕੋਰਟ ਵੱਲੋਂ ਮਿਤੀ 04.09.2024 ਰਾਹੀਂ ਕੀਤੇ ਹੁਕਮਾਂ ਦੀ ਪਾਲਣਾ ਹਿੱਤ ਸ਼੍ਰੀਮਤੀ ਇਕਬਾਲ ਕੌਰ ਵੱਲੋਂ ਦਿੱਤੀ ਗਈ ਪ੍ਰਤੀਬੇਨਤੀ ਮਿਤੀ 10/09/2024 ਨੂੰ ਵਿਚਾਰਨ ਉਪਰੰਤ ਸਰਕਾਰ ਦੇ ਪੱਤਰ ਨੰ: SED-EDU401/74/2024-2EDU4/108 ਮਿਤੀ 30-08-2024 ਰਾਹੀਂ ਉਕਤ ਅਧਿਕਾਰੀਆਂ ਦੀ ਬਦਲੀ ਦੇ ਕੀਤੇ ਹੁਕਮ ਰੱਦ ਕੀਤੇ ਜਾਂਦੇ ਹਨ।

3. ਇਹ ਹੁਕਮ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ। ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ, ਚੰਡੀਗੜ੍ਹ:
16.09.2024

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੱ.ਅੰ. ਨੰ:/ਉਕਤ ਮਿਤੀ, ਚੰਡੀਗੜ੍ਹ: 17.09.2024

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
2) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਹੁਸ਼ਿਆਰਪੁਰ।
3) ਡੀ.ਐਮ. (ਐਮ.ਆਈ. ਐਸ. ਵਿੰਗ) ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਨੂੰ ਵਿਭਾਗ ਦੀ ਵੈੱਬਸਾਇਟ ਤੇ ਅਪਲੋਡ ਕੀਤਾ ਜਾਵੇ।
4) ਸਬੰਧਤ ਅਧਿਕਾਰੀ (ਵੈੱਬਸਾਇਟ ਰਾਹੀਂ)।

(ਸੁਰਜੀਤ ਸਿੰਘ) 17/9
ਸੁਪਰਡੰਟ